ਪੜ੍ਹਦੇ ਜਾਓ, ਸਿੱਖਦੇ ਜਾਓ
RASHTRIYA MADHYAMIK SHIKSHA ABHIYAN

**ਦਫਤਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ**
ਵਿੱਦਿਆ ਭਵਨ, ਈ ਬਲਾਕ, ਪੰਜਵੀ ਮੰਜਿਲ, ਫੇਜ਼-8 ਅਜੀਤਗੜ੍ਹ (ਮੁਹਾਲੀ) ਫੋਨ ਨੰ:0172-5212322

---

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ), ਪੰਜਾਬ।
ਸਮੂਹ ਪ੍ਰਿੰਸੀਪਲ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ (ਵੈਬਸਾਈਟ ਰਾਹੀ)
ਸਮੂਹ ਸਕੂਲ ਮੁੱਖੀ/ਪ੍ਰਿੰਸੀਪਲ, ਪੰਜਾਬ (ਵੈਬਸਾਈਟ ਰਾਹੀਂ)।

ਮੀਮੋ ਨੰ : ਪਲਾਨਿੰਗ/ਰਮਸਅ/2018/ 111918
ਮਿਤੀ 24-12-18

ਵਿਸ਼ਾ **ਸਕੂਲਾਂ/ਵਿੱਦਿਅਕ ਸੰਸਥਾਵਾਂ ਵਿੱਚ Bullying and Ragging ਸਬੰਧੀ ਹੋ ਰਹੀਆਂ ਘਟਨਾਵਾਂ ਨੂੰ ਰੋਕਣ ਸਬੰਧੀ।**

ਹਵਾਲਾ **ਇਸ ਦਫਤਰ ਦਾ ਪੱਤਰ ਨੰ: ASPD/Plan/RMSA/2015 Dated 13-04-2015**

1.0 ਹਵਾਲਾ ਪੱਤਰ ਰਾਹੀ ਆਪ ਨੂੰ ਸਕੂਲਾਂ ਵਿੱਚ Bullying and Ragging ਦੀਆ ਘਟਨਾਵਾਂ ਨੂੰ ਰੋਕਣ ਸਬੰਧੀ ਦਿਸ਼ਾ ਨਿਰਦੇਸ਼ ਭੇਜੇ ਗਏ ਸਨ ਅਤੇ ਇੰਨ੍ਹਾ ਦੀ ਇੰਨ ਬਿੰਨ ਪਾਲਣ ਕਰਨ ਲਈ ਲਿਖਿਆ ਗਿਆ ਸੀ ।

2.0 ਆਪ ਨੂੰ ਗਾਈਡਲਾਈਨਜ਼ ਦੀ ਕਾਪੀ ਤਾਜਾ ਜਾਣਕਾਰੀ ਲਈ ਮੁੜ ਤੋ ਭੇਜਦੇ ਹੋਏ ਹਦਾਇਤ ਕੀਤੀ ਜਾਦੀ ਹੈ ਕਿ Bullying and Ragging ਦੀਆਂ ਘਟਨਾਵਾਂ ਨੂੰ ਰੋਕਣ ਲਈ ਭਰਪੂਰ ਉਪਰਾਲੇ ਕੀਤੇ ਜਾਣ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ

ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਐਸ.ਪੀ.ਡੀ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ, ਪੰਜਾਬ, ਐਸ.ਏ.ਐਸ ਨਗਰ
ਸਿੱਖਿਆ ਭਵਨ, ਈ ਬਲਾਕ, ਪੰਜਵੀ ਮੰਜਿਲ, ਫੇਜ਼-8 ਐਸ.ਏ.ਐਸ ਨਗਰ(ਮੋਹਾਲੀ)
ਫੋਨ ਨੰ:0172-5212339,5212322

ਪੜ੍ਹਦੇ ਜਾਓ, ਵੱਧਦੇ ਜਾਓ
RASHTRIYA MADHYAMIK SHIKSHA ABHIYAN

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ) (ਨੋਟਿਸ ਬੋਰਡ ਰਾਹੀਂ),
ਸਮੂਹ ਪ੍ਰਿੰਸੀਪਲ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ (ਵੈਬਸਾਈਟ ਰਾਹੀਂ)
ਸਮੂਹ ਸਕੂਲ ਮੁੱਖੀ (ਵੈਬਸਾਈਟ ਰਾਹੀਂ)

ਮੀਮੋ ਨੰ. ASPD/Plan/RMSA/2015 5439 ਮਿਤੀ: 13 / 04/ 2015

**ਵਿਸ਼ਾ: ਸਕੂਲਾਂ/ਵਿੱਦਿਅਕ ਸੰਸਥਾਵਾਂ ਵਿੱਚ Bullying ਅਤੇ Ragging ਸਬੰਧੀ ਹੋ ਰਹੀਆਂ ਘਟਨਾਵਾਂ ਨੂੰ ਰੋਕਣ ਸਬੰਧੀ ਦਿਸ਼ਾ ਨਿਰਦੇਸ਼।**

1.0 ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਦੇ ਨਾਲ-ਨਾਲ ਉਨ੍ਹਾਂ ਦੀ ਹਰ ਤਰ੍ਹਾਂ ਦੀ ਸੁਰੱਖਿਆ ਦੀ ਪੂਰੀ ਜਿੰਮੇਵਾਰੀ ਵੀ ਸਕੂਲ/ਵਿੱਦਿਅਕ ਸੰਸਥਾਵਾਂ ਦੀ ਹੈ। ਪ੍ਰੰਤੂ ਮੀਡੀਆ ਅਤੇ ਹੋਰ ਵਸੀਲਿਆਂ ਤੋਂ ਪ੍ਰਾਪਤ ਜਾਣਕਾਰੀ ਮੁਤਾਬਿਕ ਸਕੂਲ/ਵਿੱਦਿਅਕ ਸੰਸਥਾਵਾਂ ਵਿਚ ਪੜ੍ਹਦੇ ਵਿਦਿਆਰਥੀਆਂ ਨਾਲ Bullying ਅਤੇ Ragging ਸਬੰਧੀ ਬਹੁਤ ਸਾਰੀਆਂ ਮੰਦਭਾਗੀ ਘਟਨਾਵਾਂ ਵਾਪਰ ਰਹੀਆਂ ਹਨ। ਜਿਨ੍ਹਾਂ ਨੂੰ ਸਰਕਾਰ ਨੇ ਬੜੀ ਗੰਭੀਰਤਾ ਨਾਲ ਲਿਆ ਹੈ।

2.0 Bullying ਅਤੇ Ragging ਕਈ ਤਰਾਂ ਦੀ ਹੋ ਸਕਦੀ ਹੈ ਜਿਵੇਂ ਕਿ ਇੱਕ ਦੂਜੇ ਨੂੰ ਡਰਾਉਣਾ ਧਮਕਾਉਣਾ, ਹਮਲਾ ਕਰਨਾ, ਇੱਕ ਦੂਸਰੇ ਨਾਲ ਗਾਲੀ ਗਲੋਚ ਕਰਨਾ, ਕਿਸੇ ਨੂੰ ਜਰੂਰਤ ਤੋਂ ਜਿਆਦਾ ਤਵੱਜੋ ਦੇਣਾ ਜਾਂ ਅਸਿੱਧੇ ਰੂਪ ਵਿਚ ਕਿਸੇ ਪ੍ਰਤੀ ਬਦਨਿਯਤੀ ਵਾਲਾ ਝੂਠਾ ਪ੍ਰਚਾਰ ਕਰਨਾ, ਅਣਸੁਖਾਵੇ ਐਸ.ਐਮ.ਐਸ, ਤਸਵੀਰਾਂ, ਈ-ਮੇਲਾਂ ਭੇਜਣੀਆਂ ਆਦਿ।

3.0 ਅਜਿਹੀਆਂ ਘਟਨਾਵਾਂ ਦੀ ਰੋਕਥਾਮ ਦੀ ਜਿੰਮੇਵਾਰੀ ਵਿਅਕਤੀਗਤ ਅਤੇ ਸਾਂਝੇ ਤੌਰ ਤੇ ਸਾਰਿਆਂ ਦੀ ਹੀ ਹੈ ਜਿਸ ਵਿਚ ਸਕੂਲ ਮੁੱਖੀ, ਅਧਿਆਪਕ, ਨਾਨ-ਟੀਚਿੰਗ ਸਟਾਫ, ਵਿਦਿਆਰਥੀ, ਮਾਪੇ, ਸਕੂਲ ਵਿੱਚ ਕੰਮ ਕਰਦੇ ਬਾਕੀ ਕਰਮਚਾਰੀ ਅਤੇ ਉੱਥੋਂ ਦੇ ਸਥਾਨਕ ਵਸਨੀਕ ਵੀ ਸ਼ਾਮਿਲ ਹਨ।

4.0 ਉਕਤ ਸਮੱਸਿਆ ਦੇ ਸਾਰਥਕ ਹੱਲ ਵਾਸਤੇ ਅਜਿਹੀਆਂ ਘਟਨਾਵਾਂ ਤੇ ਠੱਲ ਪਾਉਣ ਲਈ ਹੇਠ ਲਿਖੀਆਂ ਹਦਾਇਤਾਂ ਤੇ ਅਮਲ ਕੀਤਾ ਜਾਵੇ:

(1) ਸਕੂਲ/ਵਿੱਦਿਅਕ ਸੰਸਥਾਵਾਂ ਦੇ ਕੈਂਪਸ ਵਿੱਚ ਇਹ ਸੰਦੇਸ਼ ਸਪੱਸ਼ਟ ਤੌਰ ਤੇ ਲਿਖਿਆ ਜਾਵੇ ਕਿ ਸਕੂਲ ਦੀ ਚਾਰਦੀਵਾਰੀ ਅੰਦਰ ਕਿਸੇ ਵੀ ਤਰ੍ਹਾਂ ਦੀ Bullying ਅਤੇ Ragging ਦੀ ਸਖ਼ਤ ਮਨਾਹੀ ਹੈ।

(2) ਵਿਦਿਆਰਥੀਆਂ, ਸਕੂਲ ਪ੍ਰਬੰਧਕਾਂ ਅਤੇ ਪਰਿਵਾਰਾਂ ਦਰਮਿਆਨ ਸਤਿਕਾਰ ਭਰਿਆ ਰਿਸ਼ਤਾ ਬਣਾਇਆ ਜਾਣਾ ਚਾਹੀਦਾ ਹੈ। ਇਹੋ ਜਿਹਾ ਢਾਂਚਾ ਅਤੇ ਕਾਰਜ ਪ੍ਰਣਾਲੀ ਸਥਾਪਿਤ ਕੀਤੀ ਜਾਵੇ ਜਿਥੇ ਵਿਦਿਆਰਥੀ ਸੁਗਮ/ਸੁਲਭ, ਗੁਪਤ, ਸੁਰਖਿਅਤ ਅਤੇ ਅਸਰਦਾਰ ਤਰੀਕੇ ਨਾਲ ਅਜਿਹੀਆਂ ਘਟਨਾਵਾਂ ਦੀ ਰਿਪੋਰਟ ਕਰ ਸਕਣ।

(3) ਸਕੂਲ/ਵਿੱਦਿਅਕ ਸੰਸਥਾ ਵਿਚ Bullying ਅਤੇ Ragging ਵਿਰੋਧੀ ਕਮੇਟੀ ਬਣਾਈ ਜਾਵੇ ਜਿਸ ਵਿਚ ਦੋ ਸੀਨੀਅਰ ਅਧਿਆਪਕ ਇੱਕ ਮੇਲ ਅਤੇ ਇੱਕ ਫੀਮੇਲ, ਸਥਾਨਕ ਹਸਪਤਾਲ/ਡਿਸਪੈਂਸਰੀ ਦਾ ਡਾਕਟਰ, ਘੱਟੋ ਘੱਟ ਦੋ ਵਿਦਿਆਰਥੀਆਂ ਦੇ ਮਾਪੇ, ਸਬੰਧਤ ਏਰੀਏ ਦਾ ਐਸ.ਐਚ.ਓ, ਮਿਊਂਸਪਲ ਕਾਊਂਸਲਰ/ਸਰਪੰਚ ਆਦਿ ਕਮੇਟੀ ਦੇ ਮੈਂਬਰ ਹੋਣਗੇ। ਇਸ ਕਮੇਟੀ ਦਾ ਚੇਅਰਮੈਨ ਸਕੂਲ/ਸੰਸਥਾ ਦਾ ਮੁਖੀ ਹੋ ਸਕਦਾ ਹੈ।

(4) ਸਾਰੀਆਂ ਸਾਵਧਾਨੀਆਂ ਵਰਤਣ ਦੇ ਬਾਵਜੂਦ ਜੇਕਰ ਇਹੋ ਜਿਹੀ ਕੋਈ ਮੰਦਭਾਗੀ ਘਟਨਾ ਵਾਪਰਦੀ ਹੈ ਤਾਂ ਸਕੂਲ/ਸੰਸਥਾ ਦੇ ਮੁੱਖੀ ਦੀ ਇਹ ਜਿੰਮੇਵਾਰੀ ਹੋਵੇਗੀ ਕਿ ਉਹ ਤੁਰੰਤ ਕਮੇਟੀ ਦੀ ਮੀਟਿੰਗ ਬੁਲਾਵੇ ਅਤੇ ਘਟਨਾ ਦੀ ਤਹਿ ਤੱਕ ਪਹੁਚੰਦੇ ਹੋਏ ਉਸ ਉੱਤੇ ਬਣਦੀ ਕਾਰਵਾਈ ਕਰੇ। ਪ੍ਰੰਤੂ ਇਸਦੇ ਨਾਲ ਹੀ ਇਸ ਗੱਲ ਦਾ ਵੀ ਖਿਆਲ ਰੱਖਿਆ ਜਾਵੇ ਕਿ ਸਕੂਲ/ਸੰਸਥਾ ਦਾ ਵਾਤਾਵਰਨ ਮਿਤੱਰਤਾਪੂਰਵਕ, ਸੁਖਾਵਾਂ ਅਤੇ ਸਾਂਤੀਪੂਰਨ ਬਣਿਆ ਰਹੇ।

(5) ਜੇਕਰ ਸਕੂਲ/ਸੰਸਥਾ ਵਿੱਚ ਕੋਈ ਅਜਿਹੀ ਮੰਦਭਾਗੀ ਘਟਨਾ ਵਾਪਰਦੀ ਹੈ ਤਾਂ ਕਮੇਟੀ ਵਲੋਂ ਦੋਸ਼ੀ ਵਿਰੁੱਧ ਹੇਠ ਲਿਖੇ ਅਨੁਸਾਰ ਕਾਰਵਾਈ ਕੀਤੀ ਜਾ ਸਕਦੀ ਹੈ:

- ਦੋਸ਼ੀ ਨੂੰ ਜੁਬਾਨੀ/ਲਿਖਤੀ ਚੇਤਾਵਨੀ
- ਇੱਕ ਨਿਸ਼ਚਿਤ ਸਮੇਂ ਲਈ ਕਲਾਸ/ਸਕੂਲ/ਸੰਸਥਾ ਤੋਂ ਮੁੱਅਤਲ ਕਰਨਾ
- ਰਿਜ਼ਲਟ ਨੂੰ ਰੋਕ ਲੈਣਾ ਜਾਂ ਕੈਂਸਲ ਕਰ ਦੇਣਾ
- ਇੱਕ ਨਿਸ਼ਚਿਤ ਰਾਸ਼ੀ ਤੱਕ ਦਾ ਦੰਡ ਲਗਾਉਣਾ
- ਸਕੂਲ ਤੋਂ ਕੱਢਣਾ(ਵਿਰਲੇ ਤੋ ਵਿਰਲੇ ਕੇਸ ਵਿਚ)

(6) ਸਕੂਲ/ਸੰਸਥਾ ਵਿਚ ਇਕ ਸ਼ਿਕਾਇਤ ਬਕਸਾ/ਸੁਝਾਓ ਬਕਸਾ ਰੱਖਿਆ ਜਾਵੇ ਜਿਸ ਵਿਚ ਵਿਦਿਆਰਥੀ ਆਪਣੀਆਂ ਸ਼ਿਕਾਇਤਾਂ/ਸੁਝਾਅ ਦੇ ਸਕਣ ਅਤੇ ਵਿਦਿਆਰਥੀਆਂ ਵਲੋਂ ਪ੍ਰਾਪਤ ਫੀਡਬੈਕ ਦਾ ਨਿਯਮਬੱਧ ਤਰੀਕੇ ਨਾਲ ਨਿਰੀਖਣ ਵੀ ਹੁੰਦਾ ਰਹੇ।

(7) ਜੇਕਰ ਵਿਦਿਆਰਥੀਆਂ ਵੱਲੋ ਕੋਈ ਉਚਿਤ ਸੁਝਾਊ ਦਿੱਤੇ ਗਏ ਹੋਣ ਤਾਂ ਇਨ੍ਹਾਂ ਸੁਝਾਵਾਂ ਨੂੰ ਸਵੇਰ ਦੀ ਸਭਾ ਵਿੱਚ ਸਾਂਝਾ ਕੀਤਾ ਜਾਵੇ। ਸਕੂਲ/ਸੰਸਥਾ ਵਿੱਚ ਸਮੇਂ ਸਮੇਂ ਤੇ ਆਯੋਜਿਤ ਹੋਣ ਵਾਲੇ ਸਮਾਗਮਾਂ ਵਿਚ ਵੀ Bullying ਅਤੇ Ragging ਵਿਰੁੱਧ ਵਿਦਿਆਰਥੀਆਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਭਾਸ਼ਣ ਪ੍ਰਤੀਯੋਗਤਾ,ਕਹਾਣੀ/ਲੇਖ ਪ੍ਰਤੀਯੋਗਤਾ, ਸਲੋਗਨ ਮੁਕਾਬਲੇ ਆਦਿ ਕਰਵਾਏ ਜਾਣ ।

(8) ਸਕਾਰਾਤਮਕ ਵਿਵਹਾਰ ਵਾਲੇ ਵਿਦਿਆਰਥੀਆਂ ਨੂੰ ਇਨਾਮ ਦੇਣ ਲਈ ਵੀ ਨੀਤੀਆਂ ਵਿਕਸਿਤ ਕੀਤੀਆਂ ਜਾਣ ਜਿਸ ਤਹਿਤ ਸਕੂਲ/ਸੰਸਥਾ ਦੇ ਮੁਖੀ ਦੁਆਰਾ ਵਿਦਿਆਰਥੀਆਂ ਨੂੰ ਪ੍ਰਸ਼ੰਸਾ-ਪੱਤਰ ਜਾਂ ਇਨਾਮ ਦੇ ਕੇ ਉਤਸ਼ਾਹਿਤ ਕੀਤਾ ਜਾਵੇ। ਅਧਿਆਪਕਾਂ ਵਲੋਂ ਵਿਦਿਆਰਥੀਆਂ ਨਾਲ ਰਾਬਤਾ ਕਾਇਮ ਕਰਕੇ ਉਹਨਾਂ ਦੀ ਸਮਸਿਆਵਾਂ ਦੀ ਸ਼ਨਾਖ਼ਤ ਕੀਤੀ ਜਾਵੇ ਅਤੇ ਉਹਨਾਂ ਨੂੰ ਨਿਪਟਾਉਣ ਦੇ ਤੁੰਰਤ ਉਪਰਾਲੇ ਕੀਤੇ ਜਾਣ।

5.0 ਉਕਤ ਹਦਾਇਤਾਂ ਦੀ ਇੰਨਬਿਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ,
ਪੰਜਾਬ।